**ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ**

**ਦਿੱਲੀ ਆਫ਼ਤ ਪ੍ਰਬੰਧਨ ਅਥਾਰਟੀ**

**ਨੰ. ਐਫ.2/07/2020/ਐਸ–1/95** **ਮਿਤੀ 24.04.2020**

**ਸਪੱਸ਼ਟੀਕਰਨ**

ਜਦੋਂ ਕਿ, ਦਿੱਲੀ ਆਫ਼ਤ ਪ੍ਰਬੰਧਨ ਅਥਾਰਟੀ (ਡੀ.ਡੀ.ਐਮ.ਏ.) ਸੰਤੁਸ਼ਟ ਹੈ ਕਿ ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ ਕੋਵਿਡ–19 ਮਹਾਮਾਰੀ ਦੇ ਫੈਲਣ ਤੋਂ ਚਿੰਤਤ ਹੈ, ਜਿਸ ਨੂੰ ਵਿਸ਼ਵ ਸਿਹਤ ਸੰਗਠਨ ਦੁਆਰਾ ਪਹਿਲਾਂ ਹੀ ਆਲਮੀ ਮਹਾਮਾਰੀ ਐਲਾਨ ਕੀਤਾ ਜਾ ਚੁੱਕਿਆ ਹੈ ਅਤੇ ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਵਿਚ ਇਸ ਮਹਾਮਾਰੀ ਨੂੰ ਫੈਲਣ ਤੋਂ ਰੋਕਣ ਲਈ ਪ੍ਰਭਾਵੀ ਕਦਮ ਚੁੱਕੇ ਜਾਣ ਲਈ ਇਸ ਨੂੰ ਜ਼ਰੂਰੀ ਸਮਝਿਆ ਗਿਆ ਹੈ।

ਇਸ ਸਥਿਤੀ ਨਾਲ ਨਿਪਟਣ ਲਈ ਦਿੱਲੀ ਆਫ਼ਤ ਪ੍ਰਬੰਧਨ ਅਥਾਰਟੀ ਨੇ ਸਮੇਂ-ਸਮੇਂ ਸੰਬੰਧਿਤ ਵਿਭਾਗਾਂ ਨੂੰ ਉਚਿਤ ਉਪਾਅ ਕਰਨ ਲਈ ਵੱਖ-ਵੱਖ ਹਿਦਾਇਤਾਂ ਜਾਰੀ ਕੀਤੀਆਂ ਹਨ।

ਅਤੇ ਜਦੋਂ ਕਿ ਹੁਕਮ ਨੰ. ਐਫ.2/07/2020/ਐਸ.1/53, ਮਿਤੀ 15.04.2020, ਜਿਸ ਨੂੰ ਇਸ ਤੋਂ ਬਾਅਦ ਦੇ ਹੁਕਮ ਨੰ. 2/07/2020/ਐਸ–1/64, ਮਿਤੀ 19/04/2020 ਦੇ ਨਾਲ ਪੜ੍ਹਿਆ ਜਾਵੇ, ਕਿ ਰਾਹੀਂ ਕੋਵਿਡ–19 ਦੀ ਲਾਗ ਨੂੰ ਰੋਕਣ ਲਈ ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਸਰਕਾਰ ਦੇ ਵਿਭਾਗਾਂ ਦੁਆਰਾ ਕੀਤੇ ਜਾਣ ਵਾਲੇ ਪ੍ਰਬੰਧਾਂ ਬਾਰੇ ਏਕੀਕ੍ਰਿਤ ਸੋਧੇ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ ਸਨ। ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਦੇ ਅਨੁਲਗ–1 ਵਿਚ, ਕੋਵਿਡ–19 ਦੇ ਪ੍ਰਬੰਧਨ ਲਈ ਰਾਸ਼ਟਰੀ ਨਿਰਦੇਸ਼ਾਂ ਨੂੰ ਨਿਰਧਾਰਤ ਕੀਤਾ ਗਿਆ ਹੈ ਅਤੇ ਅਨੁਲਗ–2 ਵਿਚ, ਸੋਸ਼ਲ ਡਿਸਟੈਂਸਿੰਗ ਅਤੇ ਸਿਹਤ ਸੰਬੰਧੀ ਤਰੀਕਿਆਂ ਲਈ ਮਨੁੱਖੀ ਸੰਚਾਲਨ ਪ੍ਰਕਿਰਿਆ (ਐਸ.ਓ.ਪੀ.) ਨਿਰਧਾਰਤ ਕੀਤੀ ਗਈ ਹੈ, ਜਿਸ ਦਾ ਸਾਰੇ ਦਫ਼ਤਰਾਂ, ਕੰਮ ਕਰਨ ਦੀਆਂ ਥਾਵਾਂ, ਕਾਰਖਾਨਿਆਂ ਅਤੇ ਹੋਰਨਾ ਸੰਸਥਾਪਨਾਵਾਂ ਰਾਹੀਂ ਪਾਲਨ ਕੀਤਾ ਜਾਏਗਾ।

ਅਤੇ ਜਦੋਂ ਕਿ, ਪੱਤਰ ਨੰ. 40–10/2020–ਡੀ.ਐਮ.–1(ਏ), ਮਿਤੀ 23.04.2020 ਦੁਆਰਾ ਗ੍ਰਹਿ ਮੰਤਰਾਲਾ ਨੇ ਕੁਝ ਚਿੰਤਾਵਾਂ ਬਾਰੇ ਜਾਣੂੰ ਕਰਵਾਇਆ ਗਿਆ ਹੈ ਜੋ ਦਿਸ਼ਾ-ਨਿਰਦੇਸ਼ਾਂ ਦੀ ਗ਼ਲਤ ਵਿਆਖਿਆ ਕਾਰਨ ਕੁਝ ਨਿਰਮਾਣ ਸਹੂਲਤਾਂ ਵਾਲੀਆਂ ਕੰਪਨੀਆਂ ਦੁਆਰਾ ਮੀਡੀਆ ਵਿਚ ਚੁੱਕੀਆਂ ਗਈਆਂ ਹਨ। ਇਨ੍ਹਾਂ ਵਿਚੋਂ ਕੁਝ ਇਸ ਤਰ੍ਹਾਂ ਹਨ :

(ੳ) ਜੇ ਫੈਕਟਰੀ ਵਿਚ ਕੋਵਿਡ–19 ਦੇ ਪੋਜ਼ੀਟਿਵ ਕਰਮਚਾਰੀ ਮਿਲਦੇ ਹਨ ਤਾਂ ਰਾਜਾਂ ਦੁਆਰਾ ਸੀ.ਈ.ਓ. ਦੇ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ, ਜਿਸ ਵਿਚ ਜੇਲ੍ਹ ਦੀ ਸਜ਼ਾ ਵੀ ਸ਼ਾਮਲ ਹੈ।

(ਅ) ਅਜਿਹੀ ਸਥਿਤੀ ਵਿਚ, ਫੈਕਟਰੀ ਅਹਾਤਾ 3 ਮਹੀਨੇ ਲਈ ਸੀਲ ਹੋ ਜਾਏਗਾ।

(ੲ) ਪਹਿਲਾਂ ਸਾਵਧਾਨੀਆਂ ਨਹੀਂ ਵਰਤੇ ਜਾਣ 'ਤੇ, ਫੈਕਟਰੀ ਨੂੰ 2 ਦਿਨਾਂ ਲਈ ਬੰਦ ਕੀਤਾ ਜਾ ਸਕਦਾ ਹੈ ਅਤੇ ਪੂਰਾ ਪਾਲਣ ਹੋਣ ਦੇ ਬਾਅਦ ਹੀ ਇਸ ਨੂੰ ਦੁਬਾਰਾ ਖੋਲ੍ਹੇ ਜਾਣ ਦੀ ਇਜਾਜ਼ਤ ਦਿੱਤੀ ਜਾਏਗੀ।

ਅਤੇ ਜਦੋਂ ਕਿ, ਇਹ ਸਾਫ਼ ਕੀਤਾ ਜਾਂਦਾ ਹੈ ਕਿ ਏਕੀਕ੍ਰਿਤ ਸੋਧੇ ਦਿਸ਼ਾ ਨਿਰਦੇਸ਼ਾਂ ਵਿਚ ਅਜਿਹੀ ਕੋਈ ਧਾਰਾ ਨਹੀਂ ਹੈ ਅਤੇ ਇਸ ਲਈ ਉਪਰੋਕਤ ਸ਼ੰਕਾਵਾਂ ਦਾ ਕੋਈ ਆਧਾਰ ਨਹੀਂ ਹੈ।

ਅਤੇ ਜਦੋਂ ਕਿ, ਕੋਵਿਡ–19 ਇਕ ਬਹੁਤ ਹੀ ਜ਼ਿਆਦਾ ਲਾਗ ਫੈਲਾਉਣ ਵਾਲੀ ਮਹਾਮਾਰੀ ਹੈ, ਇਹ ਮਹੱਤਵਪੂਰਨ ਹੈ ਕਿ ਸਾਰੀਆਂ ਕੰਮ ਕਰਨ ਵਾਲੀਆਂ ਥਾਵਾਂ 'ਤੇ ਸਿਹਤ ਅਤੇ ਪਰਿਵਾਰ ਕਲਿਆਣ ਮੰਤਰਾਲਾ ਦੁਆਰਾ ਸੂਚਿਤ ਸੋਸ਼ਲ ਡਿਸਟੈਂਸਿੰਗ ਅਤੇ ਮਾਨਕ ਸਿਹਤ ਪ੍ਰੋਟੋਕਾਲ ਦਾ ਪਾਲਨ ਕੀਤਾ ਜਾਏ। ਇਸ ਤੋਂ ਬਾਅਦ, ਰਾਸ਼ਟਰੀ ਨਿਰਦੇਸ਼ਾਂ ਅਤੇ ਉਪਰੋਕਤ ਲਿਖੀ ਮਾਨਕ ਸੰਚਾਲਨ ਪ੍ਰਕਿਰਿਆ ਦੇ ਮੁਤਾਬਕ ਕੰਮ ਕਰਨ ਵਾਲੀਆਂ ਥਾਵਾਂ 'ਤੇ ਉਚਿੱਤ ਸੁਰੱਖਿਆ ਤਰੀਕੇ

ਵਰਤੇ ਜਾਣ। ਕੰਮ ਕਰਨ ਵਾਲੀਆਂ ਥਾਵਾਂ ਅਤੇ ਉਦਯੋਗਿਕ ਅਤੇ ਵਪਾਰਕ ਸੰਸਥਾਵਾਂ ਤੋਂ ਆਸ ਕੀਤੀ ਜਾਂਦੀ ਹੈ ਕਿ ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਦਾ ਪਾਲਨ ਕਰਨਗੇ।

ਅਤੇ ਜਦੋਂ ਕਿ ਇਹ ਸਾਫ਼ ਕੀਤਾ ਜਾਂਦਾ ਹੈ ਕਿ 15 ਅਪ੍ਰੈਲ, 2020 ਦੇ ਏਕੀਕ੍ਰਿਤ ਸੋਧੇ ਦਿਸ਼ਾ-ਨਿਰਦੇਸ਼ ਪਹਿਲਾਂ ਹੀ ਭੁਗਤਾਨ ਛੋਟ ਵਿਚ ਕੋਈ ਕਟੌਤੀ ਨਹੀਂ ਕਰਦੇ ਹਨ, ਜਦੋਂ ਤੱਕ ਕਿ ਛੋਟ ਪ੍ਰਾਪਤ ਗਤੀਵਿਧੀ ਕੰਟੇਨਮੈਂਟ ਜ਼ੋਨ ਦੇ ਅੰਤਰਗਤ ਨਹੀਂ ਆਉਂਦੀ। ਇਸ ਲਈ, ਜਿਨ੍ਹਾਂ ਉਦਯੋਗਾਂ ਨੂੰ 15 ਅਪ੍ਰੈਲ, 2020 ਤੋਂ ਪਹਿਲਾਂ ਤੋਂ ਕੰਮ ਕਰਨ ਦੀ ਛੋਟ ਮਿਲੀ ਹੋਈ ਹੈ, ਉਨ੍ਹਾਂ ਨੂੰ ਕੰਟੇਨਮੈਂਟ ਜ਼ੋਨ ਤੋਂ ਬਾਹਰ ਵਾਲੇ ਖੇਤਰਾਂ ਵਿਚ ਕੰਮ ਕਰਨ ਲਈ ਕੋਈ ਵੱਖਰੀ/ਨਵੀਂ ਆਗਿਆ ਲੈਣ ਦੀ ਜ਼ਰੂਰਤ ਨਹੀਂ ਹੈ।

ਅਤੇ ਜਦੋਂ ਕਿ ਇਸ ਗੱਲ 'ਤੇ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ ਕਿ ਸੋਸ਼ਲ ਡਿਸਟੈਂਸਿੰਗ ਦੇ ਸੰਬੰਧ ਵਿਚ ਮਾਨਕ ਸੰਚਾਲਨ ਪ੍ਰਕਿਰਿਆ ਦੇ ਪਾਲਨ ਦੀ ਸ਼ਰਤ 'ਤੇ, ਲਾਕਡਾਊਨ ਦੇ ਦੌਰਾਨ ਪਹਿਲਾਂ ਤੋਂ ਹੀ ਆਗਿਆ ਪ੍ਰਾਪਤ ਗਤੀਵਿਧੀਆਂ ਦੀ ਬਹਾਲੀ ਲਈ ਕੋਈ ਨਵਾਂ ਲਾਇਸੈਂਸ ਜਾਂ ਕਾਨੂੰਨੀ ਪ੍ਰਵਾਨਗੀ ਲੈਣਾ ਜ਼ਰੂਰੀ ਨਹੀਂ ਹੈ। ਉਦਾਹਰਨ ਲਈ, ਕਿਸੇ ਉਦਯੋਗਿਕ ਗਤੀਵਿਧੀ ਵਿਚ, ਜਿਸ ਨੂੰ ਲਾਕਡਾਊਨ ਵਿਚ ਪਹਿਲਾਂ ਕੰਮ-ਕਾਰ ਦੀ ਆਗਿਆ ਸੀ, ਲਈ ਕਿਸੇ ਨਵੀਂ ਕਾਨੂੰਨੀ ਪ੍ਰਵਾਨਗੀ ਦੀ ਜ਼ਰੂਰਤ ਨਹੀਂ ਹੈ ਕਿਉਂਕਿ ਇਸ ਨੂੰ ਏਕੀਕ੍ਰਿਤ ਸੋਧ ਦਿਸ਼ਾ-ਨਿਰਦੇਸ਼ਾਂ ਵਿਚ ਇਕ ਪ੍ਰਵਾਨਤ ਗਤੀਵਿਧੀ ਦੇ ਰੂਪ ਵਿਚ ਸ਼ਾਮਲ ਕੀਤਾ ਜਾ ਚੁੱਕਿਆ ਹੈ ਅਤੇ ਸੋਸ਼ਲ ਡਿਸਟੈਂਸਿੰਗ ਦੇ ਸੰਬੰਧ ਵਿਚ ਮਾਨਕ ਸੰਚਾਲਨ ਪ੍ਰਕਿਰਿਆ ਦਾ ਪਾਲਨ ਕੀਤਾ ਗਿਆ ਹੈ।

ਇਸ ਲਈ, ਹੁਣ ਆਫ਼ਤ ਪ੍ਰਬੰਧਨ ਐਕਟ, 2005 ਦੀ ਧਾਰਾ 22 ਦੇ ਅੰਤਰਗਤ ਮੌਜੂਦ ਸ਼ਕਤੀਆਂ ਦਾ ਪਾਲਨ ਕਰਦੇ ਹੋਏ, ਰਾਜ ਕਾਰਜਕਾਰੀ ਸਮਿਤੀ, ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਸਰਕਾਰ ਦੇ ਮੁਖੀ ਦੇ ਰੂਪ ਵਿਚ, ਨਿਮਨ ਹਸਤਾਖ਼ਰੀ ਦੁਆਰਾ ਹੇਠ ਲਿਖੀ ਅਥਾਰਟੀਆਂ ਨੂੰ ਨਿਰਦੇਸ਼ ਦਿੱਤੇ ਜਾਂਦੇ ਹਨ ਕਿ ਉਦਯੋਗਿਕ ਫੀਲਡ ਸਥਾਪਨਾਵਾਂ ਅਤੇ ਫੀਲਡ ਦਫ਼ਤਰਾਂ ਨੂੰ ਲਾਕਡਾਊਨ ਤਰੀਕਿਆਂ ਸੰਬੰਧੀ ਦਿਸ਼ਾ-ਨਿਰਦੇਸ਼ ਤੋਂ ਜਾਣੂੰ ਕਰਵਾਇਆ ਜਾਵੇ, ਜਿਨ੍ਹਾਂ ਦਾ ਮਹਾਂਮਾਰੀ ਦੀ ਲਾਗ ਨੂੰ ਰੋਕਣ ਦਾ ਪਾਲਨ ਕੀਤਾ ਜਾਵੇ। ਕਿਸੇ ਨਿਰਮਾਣ ਕਰਨ ਵਾਲੇ ਵਪਾਰਕ ਸੰਸਥਾਵਾਂ ਦੇ ਪ੍ਰਬੰਧਨ ਨੂੰ ਨਿਰਉਤਸਾਹਤ ਕਰਨ ਦੇ ਮੰਤਵ ਨਾਲ ਇਨ੍ਹਾਂ ਦਾ ਉਪਯੋਗ ਨਾ ਕੀਤਾ ਜਾਵੇ।

(ਵਿਜੇ ਦੇਵ)
ਮੁੱਖ ਸਕੱਤਰ, ਦਿੱਲੀ

ਸੇਵਾ ਵਿਚ :

1 ਸਾਰੇ ਵਧੀਕ ਮੁੱਖ ਸਕੱਤਰ/ਮੁੱਖ ਸਕੱਤਰ/ਸਕੱਤਰ/ਵਿਭਾਗਾਂ ਦੇ ਮੁਖੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

2 ਪੁਲੀਸ ਕਮਿਸ਼ਨਰ, ਦਿੱਲੀ।

3 ਮੁਖੀ, ਨਵੀਂ ਦਿੱਲੀ ਨਗਰ ਪਾਲਿਕਾ ਪਰਿਸ਼ਦ।

4 ਨਿਰਦੇਸ਼ਕ, ਸੂਚਨਾ ਅਤੇ ਪ੍ਰਚਾਰ ਨਿਦੇਸ਼ਾਲਾ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ ਨੂੰ ਵਿਆਪਕ ਪ੍ਰਚਾਰ ਲਈ।

5 ਕਮਿਸ਼ਨਰ (ਦਿੱਲੀ ਨਗਰ ਨਿਗਮ/ਪੂਰਬੀ ਦਿੱਲੀ ਨਗਰ ਨਿਗ/ਉੱਤਰੀ ਦਿੱਲੀ ਨਗਰ ਨਿਗਮ)।

6 ਸੀ.ਡੀ.ਓ., ਦਿੱਲੀ ਕੈਂਟ ਬੋਰਡ।

ਸੂਚਨਾ ਹਿੱਤ ਕਾਪੀ

1 ਮੁੱਖ ਸਕੱਤਰ, ਮਾਣਯੋਗ ਉੱਪ-ਰਾਜਪਾਲ, ਦਿੱਲੀ।

2 ਵਧੀਕ ਸਕੱਤਰ, ਮਾਣਯੋਗ ਮੁੱਖ-ਮੰਤਰੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

3 ਸਕੱਤਰ, ਮਾਣਯੋਗ ਉੱਪ ਮੁੱਖ-ਮੰਤਰੀ/ਵਿੱਤ ਮੰਤਰੀ, ਰਾਸ਼ਟਰੀ ਰਾਜਧਾਨੀ, ਖੇਤਰ, ਦਿੱਲੀ ਸਰਕਾਰ।

4 ਸਕੱਤਰ, ਮਾਣਯੋਗ ਸਿਹਤ ਮੰਤਰੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ

5 ਸਕੱਤਰ, ਮਾਣਯੋਗ ਕਿਰਤ ਮੰਤਰੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ

6 ਸਕੱਤਰ, ਮਾਣਯੋਗ ਵਿੱਤ ਮੰਤਰੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

7 ਸਕੱਤਰ, ਮਾਣਯੋਗ ਸਮਾਜ ਕਲਿਆਣ ਮੰਤਰੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

8 ਸਕਤਰ, ਮਾਣਯੋਗ ਫੂਡ ਅਤੇ ਸਪਲਾਈ ਮੰਤਰੀ, ਰਾਸ਼ਟਰੀ ਰਾਜਧਾਲੀ ਖੇਤਰ, ਦਿੱਲੀ ਸਰਕਾਰ।

9 ਵਧੀਕ ਮੁੱਖ ਸਕੱਤਰ (ਗ੍ਰਹਿ), ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

10 ਮੁੱਖ ਸਕੱਤਰ (ਸਿਹਤ ਅਤੇ ਪਰਿਵਾਰ ਕਲਿਆਣ), ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

11 ਮੁੱਖ ਸਕੱਤਰ (ਮਾਲੀਆ)-ਸਹਿ-ਮੰਡਲੀ ਕਮਿਸ਼ਨਰ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

12 ਰਾਜ ਕਾਰਜਕਾਰੀ ਸਮਿਤੀ, ਸਾਰੇ ਮੈਂਬਰ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

13 ਨਿਦੇਸ਼ਕ, ਸੂਚਨਾ ਅਤੇ ਪ੍ਰਚਾਰ ਨਿਦੇਸ਼ਾਲਾ, ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਸਰਕਾਰ ਨੂੰ ਵਿਆਪਕ ਪ੍ਰਚਾਰ ਲਈ।

14 ਐਸ.ਆਈ.ਓ., ਐਨ.ਆਈ.ਸੀ. ਨੂੰ ਦਿੱਲੀ ਸਰਕਾਰ ਦੀ ਵੈੱਬ-ਸਾਈਟ 'ਤੇ ਅੱਪਲੋਡ ਕਰਨ ਲਈ।

15 ਗਾਰਡ ਫਾਈਲ।